ਨੰ: 3/24/2009-ਰਸ1/ 1544
ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰ,
ਸਮੂਹ ਡਿਪਟੀ ਕਮਿਸਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਤੇ ਸੈਸਨ ਜੱਜ ਅਤੇ
ਸਮੂਹ ਉਪ ਮੰਡਲ ਅਫਸਰ।

ਮਿਤੀ, ਚੰਡੀਗੜ੍ਹ 22/10/09

ਵਿਸਾ:- ਦੂਜੇ ਬੈਕਵਰਡ ਕਲਾਸਿਜ ਕਮਿਸਨ (ਮੰਡਲ ਕਮਿਸਨ) ਦੀਆਂ ਸਿਫਾਰਸਾਂ ਦੇ ਸਨਮੁੱਖ ਰਾਜ ਸਰਕਾਰ ਅਧੀਨ ਸੇਵਾਵਾਂ ਵਿੱਚ ਪਛੜੀਆਂ- ਸ੍ਰੇਣੀਆਂ ਲਈ ਰਿਜਰਵੇਸਨ ਦੀ ਮਾਤਰਾ (ਕੋਟਾ) ਮੁੜ ਮਿੱਥਣ ਬਾਰੇ।

*****

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 7/1/90-ਰਸ1/11374, ਮਿਤੀ 30-12-96 (ਕਾਪੀ ਨੱਥੀ ਹੈ) ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਨਾਲ ਨੱਥੀ ਅਨੁਲੱਗ ਰਾਹੀਂ ਕੀਤੀ ਗਈ ਵੰਡ ਅਨੁਸਾਰ ਰਾਖਵੀਆਂ ਆਸਾਮੀਆਂ ਸਬੰਧਤ ਕੈਟਾਗਰੀ ਦੇ ਉਮੀਦਵਾਰਾਂ ਰਾਹੀਂ ਨਾ ਭਰੀਆਂ ਜਾਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਹੈ। ਨਿਰਧਾਰਤ ਪ੍ਰਤੀਸਤਤਾ ਅਨੁਸਾਰ ਆਸਾਮੀਆਂ ਸਬੰਧਤ ਰਿਜਰਵ ਕੈਟਾਗਰੀ ਰਾਹੀਂ ਨਾ ਭਰੀਆਂ ਜਾਣੀਆਂ ਗੰਭੀਰ ਮਾਮਲਾ ਹੈ ਅਤੇ ਅਜਿਹਾ ਕਰਨ ਨਾਲ ਸਰਕਾਰ ਨੂੰ ਕਈ ਵਾਰ ਕਾਨੂੰਨੀ ਪੇਚੀਦਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

2. ਸਰਕਾਰ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਉਕਤ ਪੈਰ੍ਹਾ-1 ਅਧੀਨ ਦਰਜ ਪੱਤਰ ਨਾਲ ਨੱਥੀ ਅਨੁਲੱਗ ਅਨੁਸਾਰ ਅਨੁਸੂਚਿਤ ਜਾਤੀਆਂ ਲਈ ਪ੍ਰਵਾਨਤ 25% ਰਾਖਵੇਂਕਰਨ ਵਿੱਚੋਂ ਅਨੁਸੂਚਿਤ ਜਾਤੀ ਸਾਬਕਾ ਫੌਜੀ ਅਤੇ ਅਨੁਸੂਚਿਤ ਜਾਤੀ ਖਿਡਾਰੀ ਉਪਲਬਧ ਨਾ ਹੋਣ ਤੇ ਵਿਭਾਗਾਂ ਵੱਲੋਂ ਇਨ੍ਹਾਂ ਕੈਟਾਗਰੀਆਂ ਲਈ ਰਾਖਵੀਆਂ ਆਸਾਮੀਆਂ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਰਾਹੀਂ ਭਰੀਆਂ ਜਾਂਦੀਆਂ ਹਨ ਜੋ ਕਿ ਰਿਜਰਵੇਸਨ ਨੀਤੀ ਦੀ ਸਰਾਸਰ ਉਲੰਘਣਾ ਹੈ।

3. ਸਰਕਾਰ ਵੱਲੋਂ ਇਹ ਮਾਮਲਾ ਮੁੜ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਫੈਸਲਾ ਲਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਲਈ ਪ੍ਰਵਾਨਤ 25% ਰਾਖਵੀਆਂ ਆਸਾਮੀਆਂ ਵਿੱਚੋਂ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀਆਂ ਅਤੇ ਅਨੁਸੂਚਿਤ ਜਾਤੀ ਦੇ ਖਿਡਾਰੀ ਵਰਗ ਲਈ ਪ੍ਰਵਾਨਤ

ਕ੍ਰਮਵਾਰ 4% ਅਤੇ 1% ਰਾਖਵੇਂਕਰਨ ਦੇ ਸਨਮੁੱਖ ਬਣਦੀਆਂ ਰਾਖਵੀਂਆਂ ਆਸਾਮੀਆਂ, ਇਹਨਾਂ ਕੈਟਾਗਰੀਆਂ ਦੇ ਯੋਗ ਉਮੀਦਵਾਰ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਕਿਸੇ ਵੀ ਹਾਲਤ ਵਿੱਚ ਜਨਰਲ ਕੈਟਾਗਰੀ ਦੇ ਸਾਬਕਾ ਫੌਜੀਆਂ ਅਤੇ ਜਨਰਲ ਕੈਟਾਗਰੀ ਦੇ ਖਿਡਾਰੀਆਂ ਰਾਹੀਂ ਨਾ ਭਰੀਆਂ ਜਾਣ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ ਅਤੇ ਅਨੁਸੂਚਿਤ ਜਾਤੀ ਦੇ ਖਿਡਾਰੀ ਲਈ ਰਾਖਵੀਆਂ ਆਸਾਮੀਆਂ ਭਰਨ ਲਈ ਯੋਗ ਉਮੀਦਵਾਰ ਉਪਬਲਧ ਨਾ ਹੋਣ ਤਾਂ ਇਹ ਆਸਾਮੀਆਂ ਕੇਵਲ ਅਨੁਸੂਚਿਤ ਜਾਤੀ ਦੀ ਆਮ ਸ੍ਰੇਣੀ ਵਿੱਚ ਵਾਪਸ ਰਿਵਰਟ ਹੋ ਜਾਣਗੀਆਂ ਅਤੇ ਅਨੁਸੂਚਿਤ ਜਾਤੀ ਦੇ ਯੋਗ ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਟੀ.ਕੇ.ਗੋਇਲ)
ਸੰਯੁਕਤ ਸਕੱਤਰ ਭਲਾਈ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰਾਂ ਅਤੇ
ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 3/24/2009-ਰਸ1/1545 ਮਿਤੀ,ਚੰਡੀਗੜ੍ਹ 22/10/09